ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ (ਵੈੱਬਸਾਈਟ ਰਾਹੀਂ)

ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸੈਂਟਰ ਹੈੱਡ ਟੀਚਰ,
ਸਕੂਲ ਮੁਖੀ, ਪੰਜਾਬ।

ਮੀਮੋ ਨੰ:- SCERT/PPM/2019361333 ਮਿਤੀ: 22.10.2019

**ਵਿਸ਼ਾ:- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਵਿੱਦਿਅਕ ਅਤੇ ਸਹਿ-ਵਿੱਦਿਅਕ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਦੁਨੀਆਂ ਭਰ ਵਿੱਚ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਸਹਿ-ਵਿੱਦਿਅਕ ਮੁਕਾਬਲੇ ਕਰਵਾਏ ਜਾਣੇ ਹਨ। ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਦਾ ਸ਼ਡਿਊਲ ਨਿਮਨ ਅਨੁਸਾਰ ਹੈ:-

**2.1 ਪ੍ਰੀ- ਪ੍ਰਾਇਮਰੀ ਜਮਾਤਾਂ ਦੇ ਮੁਕਾਬਲੇ:**

| ਲੜੀ ਨੰ. | ਸਮਾਂ-ਸਾਰਨੀ ਅਤੇ ਸਥਾਨ | ਮੁਕਾਬਲੇ ਦਾ ਨਾਂ | ਭਾਗ ਲੈਣ ਵਾਲੇ ਵਿਦਿਆਰਥੀ |
|---|---|---|---|
| 1 | ਮਿਤੀ 14.11.2019 ਦਿਨ ਵੀਰਵਾਰ ਸਥਾਨ - ਸਕੂਲ | ਵਰਗੀਕਰਨ ਕਰਵਾਉਣਾ | ਪ੍ਰੀ-ਪ੍ਰਾਇਮਰੀ 1 ਅਤੇ 2 ਦੇ ਸਾਰੇ ਵਿਦਿਆਰਥੀ |
| | | ਕ੍ਰਮ ਵਿੱਚ ਲਗਾਉਣਾ | |
| | | ਪਜ਼ਲ ਹੱਲ ਕਰਨਾ | |
| | | ਕੁਇਜ਼ ਮੁਕਾਬਲਾ | |
| | | ਰਾਈਮਜ਼ | |

**2.2 ਪ੍ਰਾਇਮਰੀ ਜਮਾਤਾਂ ਲਈ ਮੁਕਾਬਲੇ:**

| ਲੜੀ ਨੰ. | ਸਮਾਂ-ਸਾਰਨੀ ਅਤੇ ਸਥਾਨ | ਵਿਸ਼ਾ | ਮੁਕਾਬਲੇ ਦਾ ਨਾਂ | ਭਾਗ ਲੈਣ ਵਾਲੇ ਵਿਦਿਆਰਥੀ/ਅਧਿਆਪਕ |
|---|---|---|---|---|
| 1. | ਮਿਤੀ 14.11.2019 ਦਿਨ ਵੀਰਵਾਰ ਸਥਾਨ- ਸਕੂਲ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) (ਜਮਾਤਵਾਰ) | ਸਕੂਲ ਦੇ ਸਮੂਹ ਵਿਦਿਆਰਥੀ |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) (ਜਮਾਤਵਾਰ) | |
| | | | ਭਾਸ਼ਣ ਮੁਕਾਬਲੇ (ਜਮਾਤਵਾਰ) | |
| | | | ਕਵਿਤਾ ਗਾਇਨ ਮੁਕਾਬਲੇ (ਜਮਾਤਵਾਰ) | |
| | | | ਪੜ੍ਹਨ ਮੁਕਾਬਲੇ (ਜਮਾਤਵਾਰ) | |
| | | | ਬੋਲ-ਲਿਖਤ ਮੁਕਾਬਲੇ (ਜਮਾਤਵਾਰ) | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਸਕੂਲ ਦੇ ਸਮੂਹ ਅਧਿਆਪਕ |
| | | ਅੰਗਰੇਜ਼ੀ | ਭਾਸ਼ਣ ਮੁਕਾਬਲੇ (ਜਮਾਤਵਾਰ) | ਸਕੂਲ ਦੇ ਸਮੂਹ ਵਿਦਿਆਰਥੀ |
| | | | ਸੁੰਦਰ ਲਿਖਾਈ ਮੁਕਾਬਲੇ (cursive) (ਜਮਾਤਵਾਰ) | |
| | | | ਸੁੰਦਰ ਲਿਖਾਈ ਮੁਕਾਬਲੇ (calligraphy) (ਜਮਾਤਵਾਰ) | |
| | | | ਪੜ੍ਹਨ ਮੁਕਾਬਲੇ (ਜਮਾਤਵਾਰ) | |
| | | | ਬੋਲ ਲਿਖਤ ਮੁਕਾਬਲੇ (ਜਮਾਤਵਾਰ) | |

| | | | | |
|---|---|---|---|---|
| | | | ਸੁੰਦਰ ਲਿਖਾਈ (cursive) (ਅਧਿਆਪਕ ਮੁਕਾਬਲਾ) | ਸਕੂਲ ਦੇ ਸਮੂਹ ਅਧਿਆਪਕ |
| | | | ਸੁੰਦਰ ਲਿਖਾਈ (calligraphy) (ਅਧਿਆਪਕ ਮੁਕਾਬਲਾ) | |
| | | ਗਣਿਤ | ਪਹਾੜਿਆਂ ਦੇ ਮੁਕਾਬਲੇ (ਜਮਾਤਵਾਰ ਮੁਕਾਬਲਾ) | ਸਕੂਲ ਦੇ ਸਮੂਹ ਵਿਦਿਆਰਥੀ |
| | | ਜਨਰਲ | ਚਿੱਤਰਕਲਾ ਮੁਕਾਬਲੇ (ਜਮਾਤਵਾਰ) | ਸਕੂਲ ਦੇ ਸਮੂਹ ਵਿਦਿਆਰਥੀ |
| | | | ਆਮ ਗਿਆਨ ਦਾ ਮੁਕਾਬਲੇ | |
| 2 | ਮਿਤੀ 19.11.2019 ਦਿਨ ਮੰਗਲਵਾਰ ਸਵੇਰੇ 10.00 ਵਜੇ ਸਥਾਨ- ਕਲੱਸਟਰ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਕਲੱਸਟਰ ਵਿਚਲੇ ਹਰੇਕ ਸਕੂਲ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 06 ਵਿਦਿਆਰਥੀ) (ਸੁੰਦਰ ਲਿਖਾਈ (ਕਲਮ ਨਾਲ) -1 ਵਿਦਿ., ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ:, ਭਾਸ਼ਣ ਮੁਕਾਬਲਾ - 1 ਵਿਦਿ., ਕਵਿਤਾ ਗਾਇਨ- 1 ਵਿਦਿ., ਪੜ੍ਹਨ ਮੁਕਾਬਲਾ - 1 ਵਿਦਿ., ਬੋਲ ਲਿਖਤ ਮੁਕਾਬਲਾ- 1 ਵਿਦਿ) |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਬੋਲ-ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਕਲੱਸਟਰ ਵਿੱਚਲੇ ਸਕੂਲਾਂ ਦੇ ਪਹਿਲੇ ਸਥਾਨ 'ਤੇ ਰਹਿਣ ਵਾਲੇ ਅਧਿਆਪਕ (ਪ੍ਰਤੀ ਸਕੂਲ 1 ਅਧਿਆਪਕ) |
| | | ਅੰਗਰੇਜ਼ੀ | ਭਾਸ਼ਣ ਮੁਕਾਬਲੇ | ਕਲੱਸਟਰ ਵਿਚਲੇ ਹਰੇਕ ਸਕੂਲ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 05 ਵਿਦਿਆਰਥੀ) ਭਾਸ਼ਣ ਮੁਕਾਬਲਾ -1 ਵਿਦਿ:, ਸੁੰਦਰ ਲਿਖਾਈ (cursive)- 1 ਵਿਦਿ:, ਸੁੰਦਰ ਲਿਖਾਈ (calligraphy)-1 ਵਿਦਿ:, ਪੜ੍ਹਨ ਮੁਕਾਬਲਾ -1 ਵਿਦਿ., ਬੋਲ ਲਿਖਤ ਮੁਕਾਬਲੇ - 1 ਵਿਦਿ.) |
| | | | ਸੁੰਦਰ ਲਿਖਾਈ ਮੁਕਾਬਲੇ (cursive) | |
| | | | ਸੁੰਦਰ ਲਿਖਾਈ ਮੁਕਾਬਲੇ (calligraphy) | |
| | | | ਪੜ੍ਹਨ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ (cursive) (ਅਧਿਆਪਕ ਮੁਕਾਬਲਾ) | ਕਲੱਸਟਰ ਵਿੱਚਲੇ ਸਕੂਲਾਂ ਦੇ ਪਹਿਲੇ ਸਥਾਨ 'ਤੇ ਰਹਿਣ ਵਾਲੇ ਅਧਿਆਪਕ (ਪ੍ਰਤੀ ਸਕੂਲ 2 ਅਧਿਆਪਕ: ਸੁੰਦਰ ਲਿਖਾਈ (cursive)-1 ਅਧਿ:, ਸੁੰਦਰ ਲਿਖਾਈ (calligraphy)-1 ਅਧਿ:,) |
| | | | ਸੁੰਦਰ ਲਿਖਾਈ (calligraphy) (ਅਧਿਆਪਕ ਮੁਕਾਬਲਾ) | |
| | | ਗਣਿਤ | ਪਹਾੜਿਆਂ ਦੇ ਮੁਕਾਬਲੇ (ਜਮਾਤਵਾਰ ਮੁਕਾਬਲਾ) | ਕਲੱਸਟਰ ਵਿੱਚਲੇ ਸਕੂਲਾਂ ਦੇ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਜਮਾਤ ਅਨੁਸਾਰ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 5 ਵਿਦਿਆਰਥੀ) |
| | | ਜਨਰਲ | ਚਿੱਤਰਕਲਾ ਮੁਕਾਬਲੇ | ਕਲੱਸਟਰ ਵਿਚਲੇ ਹਰੇਕ ਸਕੂਲ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 2 ਵਿਦਿਆਰਥੀ) (ਚਿੱਤਰਕਲਾ ਮੁਕਾਬਲੇ-1 ਵਿਦਿ.:, ਆਮ-ਗਿਆਨ ਦੇ ਮੁਕਾਬਲੇ-1 ਵਿਦਿ:) |
| | | | ਆਮ ਗਿਆਨ ਦਾ ਮੁਕਾਬਲੇ | |
| 3 | ਮਿਤੀ 23.11.2019 ਦਿਨ ਸ਼ਨਿੱਚਰਵਾਰ ਸਵੇਰੇ 10.00 ਵਜੇ ਸਥਾਨ- ਬਲਾਕ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਕਲੱਸਟਰ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਕਲੱਸਟਰ 06 ਵਿਦਿਆਰਥੀ) (ਸੁੰਦਰ ਲਿਖਾਈ (ਕਲਮ ਨਾਲ) -1 ਵਿਦਿ., ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ:, ਭਾਸ਼ਣ ਮੁਕਾਬਲਾ - 1 ਵਿਦਿ., ਕਵਿਤਾ ਗਾਇਨ- 1 ਵਿਦਿ., ਪੜ੍ਹਨ ਮੁਕਾਬਲਾ - 1 ਵਿਦਿ., ਬੋਲ ਲਿਖਤ ਮੁਕਾਬਲਾ- 1 ਵਿਦਿ) |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਬੋਲ-ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਅਧਿਆਪਕ (ਪ੍ਰਤੀ ਕਲੱਸਟਰ 1 ਅਧਿਆਪਕ) |
| | | ਅੰਗਰੇਜ਼ੀ | ਭਾਸ਼ਣ ਮੁਕਾਬਲੇ | ਕਲੱਸਟਰ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਕਲੱਸਟਰ 05 ਵਿਦਿਆਰਥੀ) ਭਾਸ਼ਣ ਮੁਕਾਬਲਾ -1 ਵਿਦਿ:, ਸੁੰਦਰ ਲਿਖਾਈ (cursive)- 1 ਵਿਦਿ:, ਸੁੰਦਰ ਲਿਖਾਈ (calligraphy)-1 ਵਿਦਿ:, ਪੜ੍ਹਨ ਮੁਕਾਬਲਾ -1 ਵਿਦਿ., ਬੋਲ ਲਿਖਤ ਮੁਕਾਬਲੇ - 1 ਵਿਦਿ.) |
| | | | ਸੁੰਦਰ ਲਿਖਾਈ ਮੁਕਾਬਲੇ (cursive) | |
| | | | ਸੁੰਦਰ ਲਿਖਾਈ ਮੁਕਾਬਲੇ (calligraphy) | |
| | | | ਪੜ੍ਹਨ ਮੁਕਾਬਲੇ | |

| | | | | |
|---|---|---|---|---|
| | | | ਬੋਲ ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ (cursive) (ਅਧਿਆਪਕ ਮੁਕਾਬਲਾ) | ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਅਧਿਆਪਕ (ਪ੍ਰਤੀ ਕਲੱਸਟਰ 2 ਅਧਿਆਪਕ: ਸੁੰਦਰ ਲਿਖਾਈ (cursive)-1 ਅਧਿ:, ਸੁੰਦਰ ਲਿਖਾਈ (calligraphy)-1 ਅਧਿ:,) |
| | | | ਸੁੰਦਰ ਲਿਖਾਈ (calligraphy) (ਅਧਿਆਪਕ ਮੁਕਾਬਲਾ) | |
| | | ਗਣਿਤ | ਪਹਾੜਿਆਂ ਦੇ ਮੁਕਾਬਲੇ (ਜਮਾਤਵਾਰ ਮੁਕਾਬਲਾ) | ਕਲੱਸਟਰ ਵਿੱਚੋਂ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਜਮਾਤ ਅਨੁਸਾਰ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਕਲੱਸਟਰ 5 ਵਿਦਿਆਰਥੀ) |
| | | ਜਨਰਲ | ਚਿੱਤਰਕਲਾ ਮੁਕਾਬਲੇ | ਕਲੱਸਟਰ ਵਿੱਚੋ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਕਲੱਸਟਰ 2 ਵਿਦਿਆਰਥੀ) (ਚਿੱਤਰਕਲਾ ਮੁਕਾਬਲੇ-1 ਵਿਦਿ.:, ਆਮ-ਗਿਆਨ ਦੇ ਮੁਕਾਬਲੇ-1 ਵਿਦਿ:) |
| | | | ਆਮ ਗਿਆਨ ਦਾ ਮੁਕਾਬਲੇ | |
| 4 | ਮਿਤੀ 30.11.2019 ਦਿਨ ਸ਼ਨਿੱਚਰਵਾਰ ਸਵੇਰੇ 10.00 ਵਜੇ ਸਥਾਨ- ਜ਼ਿਲ੍ਹਾ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਬਲਾਕ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 06 ਵਿਦਿਆਰਥੀ) (ਸੁੰਦਰ ਲਿਖਾਈ (ਕਲਮ ਨਾਲ) -1 ਵਿਦਿ., ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ:, ਭਾਸ਼ਣ ਮੁਕਾਬਲਾ - 1 ਵਿਦਿ., ਕਵਿਤਾ ਗਾਇਨ- 1 ਵਿਦਿ., ਪੜ੍ਹਨ ਮੁਕਾਬਲਾ - 1 ਵਿਦਿ., ਬੋਲ ਲਿਖਤ ਮੁਕਾਬਲਾ- 1 ਵਿਦਿ) |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਬੋਲ-ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਅਧਿਆਪਕ (ਪ੍ਰਤੀ ਬਲਾਕ 1 ਅਧਿਆਪਕ) |
| | | ਅੰਗਰੇਜ਼ੀ | ਭਾਸ਼ਣ ਮੁਕਾਬਲੇ | ਬਲਾਕ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 05 ਵਿਦਿਆਰਥੀ) ਭਾਸ਼ਣ ਮੁਕਾਬਲਾ -1 ਵਿਦਿ:, ਸੁੰਦਰ ਲਿਖਾਈ (cursive)-1 ਵਿਦਿ:, ਸੁੰਦਰ ਲਿਖਾਈ (calligraphy)-1 ਵਿਦਿ:, ਪੜ੍ਹਨ ਮੁਕਾਬਲਾ -1 ਵਿਦਿ., ਬੋਲ ਲਿਖਤ ਮੁਕਾਬਲੇ - 1 ਵਿਦਿ.) |
| | | | ਸੁੰਦਰ ਲਿਖਾਈ ਮੁਕਾਬਲੇ (cursive) | |
| | | | ਸੁੰਦਰ ਲਿਖਾਈ ਮੁਕਾਬਲੇ (calligraphy) | |
| | | | ਪੜ੍ਹਨ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਸੁੰਦਰ ਲਿਖਾਈ (cursive) (ਅਧਿਆਪਕ ਮੁਕਾਬਲਾ) | ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਅਧਿਆਪਕ (ਪ੍ਰਤੀ ਬਲਾਕ 2 ਅਧਿਆਪਕ: ਸੁੰਦਰ ਲਿਖਾਈ (cursive)-1 ਅਧਿ:, ਸੁੰਦਰ ਲਿਖਾਈ (calligraphy)-1 ਅਧਿ:,) |
| | | | ਸੁੰਦਰ ਲਿਖਾਈ (calligraphy) (ਅਧਿਆਪਕ ਮੁਕਾਬਲਾ) | |
| | | ਗਣਿਤ | ਪਹਾੜਿਆਂ ਦੇ ਮੁਕਾਬਲੇ (ਜਮਾਤਵਾਰ ਮੁਕਾਬਲਾ) | ਬਲਾਕ ਵਿੱਚੋਂ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਜਮਾਤ ਅਨੁਸਾਰ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 5 ਵਿਦਿਆਰਥੀ) |
| | | ਜਨਰਲ | ਚਿੱਤਰਕਲਾ ਮੁਕਾਬਲੇ | ਬਲਾਕ ਵਿੱਚੋ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 2 ਵਿਦਿਆਰਥੀ) (ਚਿੱਤਰਕਲਾ ਮੁਕਾਬਲੇ-1 ਵਿਦਿ.:, ਆਮ-ਗਿਆਨ ਦੇ ਮੁਕਾਬਲੇ-1 ਵਿਦਿ:) |
| | | | ਆਮ ਗਿਆਨ ਦਾ ਮੁਕਾਬਲੇ | |

3.0 ਅਧਿਆਪਕਾਂ ਵੱਲੋਂ ਮੁਕਾਬਲਿਆਂ ਤੋਂ ਪਹਿਲਾਂ ਸਕੂਲ ਪੱਧਰ 'ਤੇ ਹਰ ਰੋਜ਼ ਸਾਰੇ ਵਿਦਿਆਰਥੀਆਂ ਦੀ ਤਿਆਰੀ ਜ਼ਰੂਰ ਕਰਵਾਈ ਜਾਵੇ। ਨਿਰਧਾਰਿਤ ਕੀਤੇ ਮਾਪਦੰਡ ਅਨੁਸਾਰ ਹਰੇਕ ਵਿਦਿਆਰਥੀ ਦਾ ਸਕੂਲ ਪੱਧਰ 'ਤੇ ਭਾਗ ਲੈਣਾ ਲਾਜ਼ਮੀ ਹੋਵੇਗਾ। ਸਮੂਹ ਕਲੱਸਟਰ ਹੈੱਡ ਟੀਚਰ ਉਪਰੋਕਤ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਭਾਗੀਦਾਰੀ ਲਈ ਆਪਣੇ- ਆਪਣੇ ਕਲੱਸਟਰ ਦੇ ਸਾਰੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨਗੇ।

4.0 ਇਹ ਮੁਕਾਬਲੇ ਦਿੱਤੇ ਗਏ ਸ਼ਡਿਊਲ ਅਨੁਸਾਰ ਹੀ ਹਰੇਕ ਜ਼ਿਲ੍ਹੇ ਵਿੱਚ ਕਰਵਾਏ ਜਾਣੇ ਜ਼ਰੂਰੀ ਹਨ। ਮੁਕਾਬਲਿਆਂ ਨੂੰ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਬੀ.ਪੀ.ਈ.ਓ, ਸੀ.ਐੱਚ.ਟੀ. ਅਤੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮਿਲ ਕੇ ਪੂਰਨ ਯੋਜਨਾਬੰਦੀ ਤਹਿਤ ਕੰਮ ਕਰਨਗੇ। ਕਲੱਸਟਰ/ਬਲਾਕ/ਜ਼ਿਲ੍ਹਾ ਪੱਧਰ 'ਤੇ ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਲਈ ਯੋਜਨਾਬੰਦੀ ਸਬੰਧਤ ਅਫ਼ਸਰ ਵੱਲੋਂ ਇੱਕ ਦਿਨ ਪਹਿਲਾਂ ਕਰਨੀ ਹੋਵੇਗੀ।

5.0 ਮੁਕਾਬਲੇ ਵਾਲੇ ਦਿਨ ਸਕੂਲ ਵਿੱਚ ਟੀ.ਐੱਲ.ਐੱਮ. ਦੀ ਪ੍ਰਦਰਸ਼ਨੀ ਲਗਾਈ ਜਾਵੇ ਅਤੇ ਹਰ ਜਮਾਤ ਦੇ ਕਮਰੇ ਦੀ ਸਾਫ਼-ਸਫ਼ਾਈ ਅਤੇ ਸਜਾਵਟ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

6.0 ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਣ ਵਾਲੇ ਮੁਕਾਬਲਿਆਂ ਵਿੱਚ ਸੁਮਦਾਇ ਦੀ ਭਾਗੀਦਾਰੀ ਲਈ ਮੁਕਾਬਲਿਆਂ ਸਬੰਧੀ ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਅਗੇਤ ਸੂਚਨਾਂ ਦਿੱਤੀ ਜਾਵੇ ਤਾਂ ਜੋ ਉਹਨਾਂ ਦੁਆਰਾ ਮੁਕਾਬਲਿਆਂ ਸਬੰਧੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਾ ਸਕੇ।

7.0 ਸਕੂਲ ਪੱਧਰੀ ਮੁਕਾਬਲੇ ਜਮਾਤਵਾਰ ਕਰਵਾਏ ਜਾਣੇ ਹਨ, ਇਸ ਲਈ ਹਰ ਜਮਾਤ/ਮੁਕਾਬਲੇ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਇਨਾਮ-ਸਨਮਾਨ ਕੀਤਾ ਜਾਵੇ।

8.0 ਕਰਵਾਏ ਜਾਣ ਵਾਲੇ ਮੁਕਾਬਲਿਆਂ ਨਾਲ ਸਬੰਧਿਤ ਵਿਦਿਆਰਥੀ/ਅਧਿਆਪਕਾਂ ਦੇ ਰਿਕਾਰਡ ਨੂੰ ਹਰ ਪੱਧਰ 'ਤੇ ਸੰਭਾਲ ਕੇ ਜ਼ਰੂਰ ਰੱਖਿਆ ਜਾਵੇ।

9.0 ਮੁਕਾਬਲਿਆਂ ਵਿੱਚ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ/ਵਿਦਿਆਰਥੀਆਂ ਦੀਆਂ ਵੀਡਿਓਜ਼ ਮੁੱਖ ਦਫ਼ਤਰ/ਸੋਸ਼ਲ ਮੀਡੀਆ ਗਰੁੱਪਾਂ ਵਿੱਚ ਜ਼ਰੂਰ ਸ਼ੇਅਰ ਕੀਤੀਆਂ ਜਾਣ।

10.0 ਅਧਿਆਪਕ ਮੁਕਾਬਲਿਆਂ ਵਿੱਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਦੇ ਹਰ ਮੈਂਬਰ ਦਾ ਆਪਣੇ ਪਿੱਤਰੀ ਸਕੂਲ ਦੇ ਅਧਿਆਪਕਾਂ ਨਾਲ ਭਾਗ ਲੈਣਾ ਜ਼ਰੂਰੀ ਹੋਵੇਗਾ।

11.0 ਜ਼ਿਲ੍ਹਾ/ ਬਲਾਕ ਪੱਧਰ 'ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਬੰਧਤ ਅਧਿਕਾਰੀਆਂ ਵੱਲੋਂ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ ਅਤੇ ਮੁਕਾਬਲਿਆਂ ਵਿੱਚ ਉੱਤਮ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਇਨਾਮ-ਸਨਮਾਨ ਜ਼ਰੂਰ ਕੀਤਾ ਜਾਵੇ।

12.0 ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਸਹਿ -ਅਕਾਦਮਿਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ/ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਦਫ਼ਤਰ ਵੱਲੋਂ ਅਧਿਕਾਰੀਆਂ ਦੀਆਂ ਬਲਾਕ/ਜ਼ਿਲ੍ਹੇਵਾਰ ਡਿਊਟੀਆਂ ਲਗਾਈਆਂ ਗਈਆਂ ਹਨ। ਇਹ ਅਧਿਕਾਰੀ ਆਪਣੇ ਅਲਾਟ ਕੀਤੇ ਬਲਾਕ/ਜ਼ਿਲ੍ਹੇ ਦੇ ਸਾਰੇ ਮੁਕਾਬਲਿਆਂ ਨਾਲ ਸਬੰਧਤ ਅਧਿਕਾਰੀਆਂ/ਅਧਿਆਪਕਾਂ ਨਾਲ ਰਾਬਤਾ ਰੱਖਦਿਆਂ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਗੇ।

13.0 ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਕਤ ਮੁਕਾਬਲਿਆਂ ਦੇ ਨਿਯਮਾਂ ਸਬੰਧੀ ਜੇਕਰ ਕੋਈ ਸੋਧ ਜਾਂ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਤਾਂ ਮੁਕਾਬਲੇ ਉਹਨਾਂ ਨਵੇਂ ਨਿਯਮਾਂ ਅਧੀਨ ਹੀ ਕਰਵਾਏ ਜਾਣਗੇ।

14.0 ਪ੍ਰੀ-ਪ੍ਰਾਇਮਰੀ/ਪ੍ਰਾਇਮਰੀ ਮੁਕਾਬਲਿਆਂ ਸਬੰਧੀ ਹਦਾਇਤਾਂ/ਨਿਯਮ (ਅਨੁਲੱਗ 'ੳ') ਨੂੰ ਨਾਲ ਨੱਥੀ ਕੀਤਾ ਜਾਂਦਾ ਹੈ।

15.0 ਨਵੰਬਰ ਮਹੀਨੇ ਦੌਰਾਨ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੁਆਰਾ ਆਪਣਾ ਹੱਥ ਲਿਖਤ ਮੈਗਜ਼ੀਨ ਤਿਆਰ ਕਰਕੇ ਇਸ ਨੂੰ ਨਵੰਬਰ ਮਹੀਨੇ ਦੀ ਆਖਰੀ ਬਾਲ ਸਭਾ ਵਿੱਚ ਸੁਮਦਾਇ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਜ਼ਰੂਰ ਰੀਲੀਜ਼ ਕੀਤਾ ਜਾਵੇ।

16.0 ਮੁਕਾਬਲੇ ਕਰਵਾਉਣ ਲਈ ਫੰਡ ਵੱਖਰੇ ਪੱਤਰ ਰਾਹੀਂ ਜਲਦੀ ਹੀ ਭੇਜੇ ਜਾ ਰਹੇ ਹਨ।

17.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ: ਉਕਤ** **ਮਿਤੀ: ਉਕਤ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ.ਟੂ ਡੀ.ਪੀ.ਆਈ. (ਐ.ਸਿੱ), ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

## ਅਨੁਲੱਗ 'ੳ'

## ਪ੍ਰੀ-ਪ੍ਰਾਇਮਰੀ

**I. ਵਰਗੀਕਰਨ, ਕ੍ਰਮ ਵਿੱਚ ਲਗਾਉਣਾ ਅਤੇ ਪਜ਼ਲ ਹੱਲ ਕਰਨਾ ਗਤੀਵਿਧੀਆਂ ਲਈ ਨਿਯਮ**

ਨਿਯਮ 1. ਵਰਗੀਕਰਨ, ਕ੍ਰਮ ਵਿੱਚ ਲਗਾਉਣਾ ਅਤੇ ਪਜ਼ਲ ਹੱਲ ਕਰਨਾ ਗਤੀਵਿਧੀਆਂ ਹਰ ਬੱਚੇ ਨੂੰ ਵਾਰੀ -ਵਾਰੀ ਕੋਲ ਬੁਲਾ ਕੇ ਕਰਵਾਈਆਂ ਜਾਣ।

ਨਿਯਮ 2. ਵਰਗੀਕਰਨ ਅਤੇ ਕ੍ਰਮ ਵਿੱਚ ਲਗਾਉਣਾ ਗਤੀਵਿਧੀਆਂ ਲਈ ਬੱਚਿਆਂ ਨੂੰ ਕਾਰਡਾਂ ਦਾ ਬਦਲਵਾਂ ਸੈੱਟ ਦਿੱਤਾ ਜਾਵੇ।

ਨਿਯਮ 3. ਪਜ਼ਲ ਹੱਲ ਕਰਨਾ ਗਤੀਵਿਧੀ ਵਿੱਚ ਹਰ ਬੱਚੇ ਤੋਂ ਇੱਕ ਹੀ ਤਰ੍ਹਾਂ ਦੀ ਪਜ਼ਲ ਹੱਲ ਕਰਵਾਈ ਜਾਵੇ।

ਨਿਯਮ 4. ਹਰ ਗਤੀਵਿਧੀ ਨੂੰ ਮੁਕੰਮਲ ਕਰਨ ਲਈ ਬੱਚਿਆਂ ਦੁਆਰਾ ਲਿਆ ਸਮਾਂ ਨੋਟ ਕੀਤਾ ਜਾਵੇ।

ਨਿਯਮ 5. ਗਤੀਵਿਧੀਆਂ ਨੂੰ ਘੱਟ ਸਮੇਂ ਅਤੇ ਸਹੀ ਢੰਗ ਨਾਲ ਮੁਕੰਮਲ ਕਰਨ ਵਾਲੇ ਬੱਚੇ ਨੂੰ ਜੇਤੂ ਮੰਨਿਆ ਜਾਵੇ।

**II ਕੁਇਜ਼ ਮੁਕਾਬਲਾ: ਕੁੱਲ ਤਿੰਨ ਟੀਮਾਂ ਬਣਾਈਆਂ ਜਾਣ। ਹਰ ਟੀਮ ਵਿੱਚ 3 ਬੱਚੇ ਹੋਣੇ ਚਾਹੀਦੇ ਹਨ।**

ਮੁਕਾਬਲੇ ਦੇ ਕੁੱਲ 4 ਭਾਗ ਹੋਣਗੇ।

ਪਹਿਲੀ ਭਾਗ –ਆਮ ਗਿਆਨ

ਨਿਯਮ 1. ਹਰ ਟੀਮ ਤੋਂ ਦੋ ਪ੍ਰਸ਼ਨ ਪੁੱਛੇ ਜਾਣਗੇ।

ਨਿਯਮ 2. ਹਰੇਕ ਪ੍ਰਸ਼ਨ ਦੇ ਸਹੀ ਜਵਾਬ ਲਈ 2 ਅੰਕ ਦਿੱਤੇ ਜਾਣ।

ਦੂਜਾ ਭਾਗ- Themes

ਨਿਯਮ 1. ਪੁੱਛੇ ਗਏ Theme ਅਨੁਸਾਰ 5 ਚੀਜ਼ਾਂ ਦੇ ਨਾਂ ਦੱਸਣੇ ਹੋਣਗੇ। ਜੇਕਰ ਟੀਮ 5 ਨਾਂ ਦੱਸ ਦਿੰਦੀ ਹੈ ਤਾਂ 2 ਅੰਕ ਦਿੱਤੇ ਜਾਣ।

ਨਿਯਮ 2. ਪੰਜ ਨਾਂ ਨਹੀ ਦੱਸਣ ਦੀ ਸੂਰਤ ਵਿੱਚ ਕੋਈ ਅੰਕ ਨਾ ਦਿੱਤਾ ਜਾਵੇ।

ਤੀਜਾ ਭਾਗ- Picture Reading

ਨਿਯਮ 1. ਹਰ ਟੀਮ ਨੂੰ ਦੋ ਤਸਵੀਰਾਂ ਦਿਖਾਈਆਂ ਜਾਣਗੀਆਂ।

ਨਿਯਮ 2. ਹਰ ਤਸਵੀਰ ਦੀ ਸਹੀ ਪਛਾਣ ਕਰਨ ਤੇ 1 ਅੰਕ ਦਿੱਤਾ ਜਾਵੇ।

ਚੌਥਾ ਭਾਗ- ਬੁਝਾਰਤਾਂ

ਨਿਯਮ 1. ਹਰੇਕ ਟੀਮ ਤੋਂ ਦੋ ਬੁਝਾਰਤਾਂ ਪੁੱਛੀਆਂ ਜਾਣਗੀਆਂ।

ਨਿਯਮ 2.ਹਰ ਸਹੀ ਜਵਾਬ ਹੋਣ 'ਤੇ 1 ਅੰਕ ਦਿੱਤਾ ਜਾਵੇ।

ਨੋਟ:-

- ਕੁਇਜ਼ ਦੇ ਸਾਰੇ ਭਾਗਾਂ ਵਿੱਚ ਸਵਾਲ ਦਾ ਜਵਾਬ ਦੇਣ ਲਈ ਬੱਚੇ ਨੂੰ 1 ਮਿੰਟ ਦਾ ਸਮਾਂ ਦਿੱਤਾ ਜਾਵੇ।
- ਪ੍ਰਸ਼ਨ ਸਬੰਧੀ ਬੱਚਿਆਂ ਦੀ ਸਮਝ ਬਣਾਉਣ ਲਈ ਪ੍ਰਸ਼ਨ ਨੂੰ ਤਿੰਨ ਵਾਰ ਬੋਲਿਆ ਜਾਵੇ।

**III. ਰਾਈਮਜ਼**

ਨਿਯਮ 1. ਹਰੇਕ ਬੱਚੇ ਨੂੰ ਉਸਦੀਆਂ ਮਨਪਸੰਦ ਦੋ ਰਾਈਮਜ਼ ਇੱਕ ਪੰਜਾਬੀ ਅਤੇ ਇੱਕ ਅੰਗਰੇਜ਼ੀ ਸੁਣਾਉਣ ਲਈ ਕਿਹਾ ਜਾਵੇ।

ਨਿਯਮ 2. ਰਾਈਮ ਨੂੰ ਪੂਰਾ, ਸਹੀ ਅਤੇ ਹਾਵ-ਭਾਵ ਨਾਲ ਸੁਣਾਉਣ ਵਾਲੇ ਬੱਚੇ ਨੂੰ ਜੇਤੂ ਮੰਨਿਆ ਜਾਵੇ।

**ਨਿਰਣਾਇਕ ਟੀਮ:**

ਸਕੂਲ ਵਿੱਚ ਸਟਾਫ਼ ਦੀ ਉਪਲੱਬਧਤਾ ਅਨੁਸਾਰ ਵੱਧ ਤੋਂ ਵੱਧ ਤਿੰਨ ਮੈਂਬਰ ਨਿਰਣਾਇਕ ਟੀਮ ਵਿੱਚ ਸ਼ਾਮਿਲ ਕੀਤੇ ਜਾਣ ਜਿਨ੍ਹਾਂ ਵਿੱਚੋਂ ਇੱਕ ਜੱਜ ਹੋਵੇਗਾ। ਜੱਜ ਦੀ ਭੂਮਿਕਾ ਸਕੂਲ ਮੁਖੀ/ਇੰਚਾਰਜ ਦੁਆਰਾ ਨਿਭਾਈ ਜਾਵੇ।

ਉਪਰੋਕਤ ਮੁਕਾਬਲਿਆਂ ਨੂੰ ਕਰਵਾਉਣ ਲਈ ਹੇਠ ਲਿਖੀਆਂ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ।

- ਹਰੇਕ ਸਕੂਲ ਵਿੱਚ ਪ੍ਰੀ-ਪ੍ਰਾਇਮਰੀ 1 ਅਤੇ 2 ਦੇ ਸਾਰੇ ਬੱਚਿਆਂ ਦਾ ਮੁਕਾਬਲੇ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।
- ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਹ ਮੁਕਾਬਲੇ ਬੱਚਿਆਂ ਦੀ ਮੁਕਾਬਲਿਆਂ ਪ੍ਰਤੀ ਦਿਲਚਸਪੀ ਅਤੇ ਉਤਸ਼ਾਹ ਦੀ ਭਾਵਨਾ ਨੂੰ ਵਧਾਉਣ (ਪ੍ਰਬਲ) ਕਰਨ ਲਈ ਕਰਵਾਏ ਜਾ ਰਹੇ ਹਨ। ਇਸ ਲਈ ਜੇਕਰ ਬੱਚਾ ਕਿਸੇ ਗਤੀਵਿਧੀ ਨੂੰ ਸਹੀ ਢੰਗ ਨਾਲ ਨਹੀਂ ਕਰਦਾ ਤਾਂ ਉਸਨੂੰ ਕਿਸੇ ਵੀ ਤਰ੍ਹਾਂ ਨਿਰਉਤਸ਼ਾਹਿਤ ਨਾ ਕੀਤਾ ਜਾਵੇ।
- ਉਪਰੋਕਤ ਗਤੀਵਿਧੀਆਂ ਸੰਬੰਧੀ ਰੋਜ਼ਾਨਾ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਨੂੰ ਅਭਿਆਸ ਕਰਵਾਇਆ ਜਾਵੇ।
- ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ਵੱਲੋਂ ਵੀ ਆਪਣੀ ਵਿਜ਼ਿਟ ਦੌਰਾਨ ਗਤੀਵਿਧੀਆਂ ਦੀ ਤਿਆਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

**ਪ੍ਰਾਇਮਰੀ**

**I. ਸੁੰਦਰ ਲਿਖਾਈ ਮੁਕਾਬਲੇ - ਪੰਜਾਬੀ ਅਤੇ ਅੰਗਰੇਜ਼ੀ (ਵਿਦਿਆਰਥੀ/ਅਧਿਆਪਕ)**

ਨਿਯਮ -1. ਜੈੱਲ ਪੈੱਨ ਨਾਲ ਸੁੰਦਰ ਲਿਖਾਈ ਲਈ ਸਮਾਂ 30 ਮਿੰਟ ਹੋਵੇਗਾ ਅਤੇ ਕਲਮ ਨਾਲ ਸੁੰਦਰ ਲਿਖਾਈ ਦਾ ਸਮਾਂ 40 ਮਿੰਟ ਦਾ ਹੋਵੇਗਾ।

ਨਿਯਮ -2. ਲਿਖਣ ਲਈ ਦਿੱਤਾ ਜਾਣ ਵਾਲਾ ਪੈਰ੍ਹਾ 30-35 ਸ਼ਬਦਾਂ ਦਾ ਹੋਵੇਗਾ।

ਨਿਯਮ-3. ਪੈਰ੍ਹੇ ਨੂੰ ਇੰਨ-ਬਿੰਨ੍ਹ ਲਿਖਣਾ ਜ਼ਰੂਰੀ ਹੋਵੇਗਾ।

ਨਿਯਮ-4. ਕਿਸੇ ਕਿਸਮ ਦੀ ਰਬੜ ਜਾਂ ਫਲਿਊਡ ਦੀ ਵਰਤੋਂ ਦੀ ਸਖ਼ਤ ਮਨਾਹੀ ਹੋਵੇਗੀ।

**ਮਾਪਦੰਡ**

ਅੱਖਰਾਂ ਦੀ ਬਣਾਵਟ- 5 ਅੰਕ, ਅੱਖਰਾਂ ਦੀ ਇਕਸਾਰਤਾ- 5 ਅੰਕ, ਅੱਖਰਾਂ ਅਤੇ ਸ਼ਬਦਾਂ ਦੀ ਆਪਸੀ ਦੂਰੀ - 5 ਅੰਕ, ਲਿਖਤ ਦੀ ਸਾਫ਼ ਸਫ਼ਾਈ -5 ਅੰਕ ਅਤੇ ਸਮੁੱਚਾ ਪ੍ਰਭਾਵ- 5

ਨੋਟ 1: ਸਕੂਲ/ਕਲੱਸਟਰ ਪੱਧਰ 'ਤੇ ਸੁੰਦਰ ਲਿਖਾਈ ਮੁਕਾਬਲੇ ਲਈ ਜੈੱਲ ਪੈੱਨ ਸਿਆਹੀ, ਬੋਰਡ ਗੱਤਾ ਆਦਿ ਵਿਦਿਆਰਥੀ ਆਪ ਲਿਆਉਣਗੇ।

ਨੋਟ 2. ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਲਿਖਾਈ ਲਈ ਸ਼ੀਟ ਦਾ ਪ੍ਰਬੰਧ ਮੁਕਾਬਲਿਆਂ ਦੇ ਇੰਚਾਰਜ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ /ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਵੱਲੋਂ ਕੀਤਾ ਜਾਵੇਗਾ।

ਨੋਟ 3. ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਸਕੂਲਾਂ ਦੇ ਤਜ਼ਰਬੇਕਾਰ ਅਤੇ ਸੁੰਦਰ ਲਿਖਾਈ ਲਈ ਹਦਾਇਤਾਂ ਤੋਂ ਜਾਣੂੰ ਅਧਿਆਪਕਾਂ ਦੀਆਂ ਸੇਵਾਵਾਂ ਲੈ ਕੇ ਵਿਦਿਆਰਥੀਆਂ ਦੀ ਸੁੰਦਰ ਲਿਖਾਈ ਦੇ ਨਤੀਜੇ ਤਿਆਰ ਕਰਵਾਏ ਜਾਣੇ ਜ਼ਰੂਰੀ ਹੋਣਗੇ।

**ii. ਪੜ੍ਹਨ ਮੁਕਾਬਲਾ (ਪੰਜਾਬੀ ਅਤੇ ਅੰਗਰੇਜ਼ੀ)**

ਨਿਯਮ 1. ਹਰ ਬੱਚੇ ਨੂੰ ਪੰਜਾਬੀ ਦੀਆਂ 10-12 ਸਤਰਾਂ ਅਤੇ ਅੰਗਰੇਜ਼ੀ ਲਈ 8-10 ਸਤਰਾਂ ਦਾ ਸੰਗ੍ਰਹਿ ਪੜ੍ਹਨ ਲਈ ਦਿੱਤਾ ਜਾਵੇਗਾ।

**ਮਾਪਦੰਡ**

ਕੁੱਲ ਅੰਕ -25, ਰਵਾਨਗੀ- 10 ਅੰਕ, ਸ਼ੁੱਧ ਉਚਾਰਨ 10 ਅੰਕ, ਹਾਵ-ਭਾਵ ਨਾਲ ਪੜ੍ਹਨਾ -5 ਅੰਕ

ਨੋਟ : ਪੜ੍ਹਨ ਦੇ ਮਾਪਦੰਡ ਅਤੇ ਅੰਕ ਪੰਜਾਬੀ ਅਤੇ ਅੰਗਰੇਜ਼ੀ ਲਈ ਇੱਕੋ ਜਿਹੇ ਹੋਣਗੇ।

iii. **ਬੋਲ ਲਿਖਤ (ਪੰਜਾਬੀ ਅਤੇ ਅੰਗਰੇਜ਼ੀ)**

ਨਿਯਮ -1. ਵਿਦਿਆਰਥੀਆਂ ਨੂੰ ਪੰਜ ਵਾਕ ਬੋਲੇ ਜਾਣਗੇ।

ਨਿਯਮ -2 ਲਿਖਵਾਇਆਂ ਜਾਣ ਵਾਲਾ ਵਾਕ 6 ਤੋਂ 8 ਸ਼ਬਦਾਂ ਦਾ ਹੋਵੇਗਾ।

ਨਿਯਮ -3 ਹਰ ਵਾਕ ਨੂੰ ਵੱਧ ਤੋਂ ਵੱਧ ਤਿੰਨ ਵਾਰ ਹੀ ਬੋਲਿਆ ਜਾਵੇ।

ਨਿਯਮ-4. ਬੋਲੇ ਗਏ ਵਾਕ ਨੂੰ ਇੰਨ-ਬਿੰਨ੍ਹ ਅਤੇ ਸਹੀ ਅਤ ਸਾਫ਼ ਲਿਖਣਾ ਹੋਵੇਗਾ

ਨਿਯਮ -5. ਕਿਸੇ ਕਿਸਮ ਦੀ ਕਟਿੰਗ, ਰਬੜ ਜਾਂ ਫਲਿਊਡ ਦੀ ਵਰਤੋਂ ਦੀ ਮਨਾਹੀ ਹੋਵੇਗੀ।

ਨਿਯਮ -6 ਹਰ ਵਾਕ ਦੇ ਪੰਜ ਨੰਬਰ ਹੋਣਗੇ।

ਨਿਯਮ-7 ਹਰ ਗਲਤੀ ਲਈ 0.5 ਅੰਕ ਕੱਟਿਆ ਜਾਵੇਗਾ।

ਨਿਯਮ -8 ਜੇਕਰ ਮੁਕਾਬਲਾ ਬਰਾਬਰ ਹੋ ਜਾਂਦਾ ਤਾਂ ਵਿਦਿਆਰਥੀਆਂ ਨੂੰ 3 ਵਾਕ ਦੁਬਾਰਾ ਤੋਂ ਦਿੱਤੇ ਜਾਣਗੇ।

ਨੋਟ:- ਲਿਖਣ ਲਈ ਵਰਤੀ ਜਾਣ ਵਾਲੀ ਸਮੱਗਰੀ ਜਿਵੇਂ ਗੱਤਾ ਕਾਗਜ਼, ਸਿਆਹੀ, ਪੈੱਨ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

- ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਪੇਪਰ, ਪੈੱਨ ਆਦਿ ਬਲਾਕ/ਜ਼ਿਲ੍ਹਾ ਅਧਿਕਾਰੀਆਂ ਵੱਲੋਂ ਉਪਲੱਬਧ ਕਰਵਾਏ ਜਾਣਗੇ ਪਰ ਗੱਤਾ ਵਿਦਿਆਰਥੀ ਆਪ ਹੀ ਲੈ ਕੇ ਆਉਣਗੇ।

iv. **ਕਵਿਤਾ ਗਾਇਨ**

ਨਿਯਮ 1. ਹਰ ਵਿਦਿਆਰਥੀ ਦੁਆਰਾ ਕਵਿਤਾ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੀਆਂ ਕਿਤਾਬਾਂ ਵਿੱਚੋਂ ਹੀ ਲਈ ਜਾਵੇਗੀ।

ਨਿਯਮ 2. ਕਵਿਤਾ ਗਾਇਨ ਲਈ ਵਿਦਿਆਰਥੀ ਨੂੰ 3-4 ਮਿੰਟ ਦਾ ਸਮਾਂ ਹੀ ਦਿੱਤਾ ਜਾਵੇ।

ਨਿਯਮ 3. ਕਵਿਤਾ ਕਾਗਜ਼ ਤੋਂ ਵੇਖ ਕੇ ਨਹੀਂ ਗਾਈ ਜਾਵੇਗੀ।

**ਮਾਪਦੰਡ**

ਕੁੱਲ ਅੰਕ -25, ਕਵਿਤਾ ਦੀ ਚੋਣ -3 ਅੰਕ, ਸ਼ੁੱਧ ਉਚਾਰਨ-5 ਅੰਕ, ਲੈਅ ਅਤੇ ਆਵਾਜ਼ -5 ਅੰਕ, ਸ੍ਰੋਤਿਆਂ ਨਾਲ ਸਾਂਝ -5, ਪੇਸ਼ਕਾਰੀ ਦਾ ਸਮੁੱਚਾ ਪ੍ਰਭਾਵ -7 ਅੰਕ

v. **ਭਾਸ਼ਣ ਮੁਕਾਬਲਾ (ਪੰਜਾਬੀ/ਅੰਗਰੇਜ਼ੀ)**

ਨਿਯਮ 1 - ਬੱਚਾ ਕਿਸੇ ਇੱਕ ਵਿਸ਼ੇ 'ਤੇ ਪੂਰੇ ਹਾਵ ਭਾਵ ਅਤੇ ਲਹਿਜੇ ਨਾਲ ਬੋਲੇਗਾ।

ਨਿਯਮ 2- ਭਾਸ਼ਣ ਬੋਲਣ ਲਈ ਸਮਾਂ 2-3 ਮਿੰਟ ਰਹੇਗਾ।

ਭਾਸ਼ਣ ਮੁਕਾਬਲੇ ਲਈ ਮਾਪਦੰਡ ਅਤੇ ਅੰਕ ਵੰਡ-

ਕੁੱਲ ਅੰਕ -25, ਵਿਸ਼ਾ ਵਸਤੂ ਅਤੇ ਉਪ: ਵਿਸ਼ੇ ਦੀ ਘੋਸ਼ਣਾ ਲਈ 5 ਅੰਕ, ਸ਼ੁੱਧ ਉਚਾਰਣ ਲਈ 5 ਅੰਕ, ਰਵਾਨਗੀ ਅਤੇ ਹਾਵ-ਭਾਵ ਲਈ 5 ਅੰਕ, ਮੰਚ 'ਤੇ ਸਵੈ ਵਿਸ਼ਵਾਸ ਲਈ 5 ਅੰਕ ਅਤੇ ਸਮੁੱਚੇ ਪ੍ਰਭਾਵ ਲਈ 5 ਅੰਕ ਦਿੱਤੇ ਜਾਣਗੇ।

ਭਾਸ਼ਣ ਮੁਕਾਬਲੇ ਲਈ ਪੰਜਾਬੀ ਭਾਸ਼ਾ ਦੇ ਵਿਸ਼ੇ-

1. ਮਾਖਿਓ ਮਿੱਠੀ- ਮਾਂ ਬੋਲੀ ਪੰਜਾਬੀ
2. ਆਓ! ਵਾਤਾਵਰਣ ਬਚਾਈਏ
3. ਘਰੇਲੂ ਖਾਓ, ਫਾਸਟ ਫੂਡ ਹਟਾਓ
4. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ
5. ਹੱਸਣਾ ਖੇਡਣਾ ਮਨ ਕਾ ਚਾਓ
6. ਸਮੇਂ ਦਾ ਸਦਉਪਯੋਗ
7. ਅਲੋਪ ਹੋ ਰਹੀਆਂ ਪੰਜਾਬੀ ਖੇਡਾਂ
8. ਕੋਈ ਵੀ ਕੰਮ ਛੋਟਾ ਨਹੀਂ ਹੁੰਦਾ

9. ਜੇ ਪੂਰਾ ਕਰਨਾ ਖੁਆਬਾਂ ਨੂੰ ਤਾਂ ਰੱਖਿਓ ਨਾਲ ਕਿਤਾਬਾਂ ਨੂੰ
10. ਮੇਰੇ ਸੁਪਨਿਆਂ ਦਾ ਸਮਾਰਟ ਸਕੂਲ
11. ਮੈਨੂੰ ਮਾਣ ਸ਼ਹੀਦਾਂ 'ਤੇ
12. ਈ.ਕੰਟੈਂਟ, ਮੇਰਾ ਕੰਟੈਂਟ
13. ਕਦਰਾਂ-ਕੀਮਤਾਂ ਜੀਵਨ ਦਾ ਅਧਾਰ ਹਨ
14. ਮੇਰੇ ਸਕੂਲ ਦੀ ਸਵੇਰ ਦੀ ਸਭਾ/ਬਾਲ ਸਭਾ
15. ਜੇ ਰੁੱਖ ਨਾ ਹੁੰਦੇ.....?

**ਭਾਸ਼ਣ ਮੁਕਾਬਲੇ ਲਈ ਅੰਗਰੇਜ਼ੀ ਭਾਸ਼ਾ ਦੇ ਵਿਸ਼ੇ-**

1. Teachings of Shri Guru Nanak Dev Ji
2. Morning Assembly
3. My School, Smart School
4. E-content, My content
5. Hard work is the key to success
6. Stay clean, Stay healthy
7. Save Water
8. Respect your elders
9. Time is precious
10. Sharing is a good habit
11. Value of Sports
12. Traffic Rules
13. Annual Function in My school
14. Books are our best friends
15. My favorite period in the school

**vi. ਆਮ ਗਿਆਨ**

ਨਿਯਮ 1. ਇਹ ਮੁਕਾਬਲਾ ਬਹੁਵਿਕਲਪੀ ਪ੍ਰਸ਼ਨਾਂ ਅਧਾਰਿਤ ਪੇਪਰ ਦੇ ਰੂਪ ਵਿੱਚ ਹੋਵੇਗਾ।

ਨਿਯਮ 2. ਪੇਪਰ ਵਿੱਚ ਕੁੱਲ 30 ਪ੍ਰਸ਼ਨ ਹੋਣਗੇ।

ਨਿਯਮ 3. ਪੇਪਰ ਲਈ ਸਮਾਂ 30 ਮਿੰਟ ਹੋਵੇਗਾ।

ਨਿਯਮ 4. ਹਰ ਪ੍ਰਸ਼ਨ ਲਈ 1ਅੰਕ ਦਿੱਤਾ ਜਾਵੇਗਾ।

ਨਿਯਮ 5. ਪੇਪਰ ਲਈ ਪ੍ਰਸ਼ਨ ਸਵੇਰ ਦੀ ਸਭਾ ਵਾਲੀ ਸਲਾਇਡ ਵਿੱਚੋਂ, ਪਾਠ ਪੁਸਤਕਾਂ ਅਧਾਰਿਤ ਅਕਤੂਬਰ ਤੱਕ ਦੇ ਸਿਲੇਬਸ ਵਿੱਚੋਂ ਹੋਣਗੇ।

**vii. ਚਿੱਤਰਕਲਾ**

ਨਿਯਮ 1. ਚਿੱਤਰਕਾਰੀ ਲਈ ਸਮਾਂ 2 ਘੰਟੇ ਦਾ ਹੋਵੇਗਾ।

ਨਿਯਮ2: ਸ਼ੀਟ ਆਕਾਰ ਕੇਵਲ 11x15 ਇੰਚ ਹੋਵੇਗਾ।

ਨਿਯਮ 3. ਚਿੱਤਰਕਾਰੀ ਲਈ ਵਿਸ਼ੇ:- ਕੁਦਰਤੀ ਦ੍ਰਿਸ਼, ਮੇਰਾ ਸਮਾਰਟ ਸਕੂਲ ਅਤੇ ਕਿਤਾਬਾਂ ਸਾਡੀਆਂ ਸੱਚੀਆਂ ਮਿੱਤਰ

ਨਿਯਮ 4. ਚਿੱਤਰਕਾਰੀ ਲਈ ਵਿਦਿਆਰਥੀ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ ਕਰੇਗਾ।

ਨਿਯਮ 5. ਚਿੱਤਰਕਾਰੀ ਲਈ ਸਕੈੱਚ, ਆਇਲ/ਵਾਟਰ ਕਲਰਜ਼ ਵਿੱਚੋਂ ਕਿਸੇ ਦੀ ਵੀ ਵਰਤੋਂ ਕੀਤੀ ਜਾ ਸਕਦੀ ।

**ਮਾਪਦੰਡ**

ਕੁੱਲ ਅੰਕ 25, ਕਲਾ ਅਤੇ ਆਪਾ ਪ੍ਰਗਟਾਅ -10 ਅੰਕ, ਰੰਗ ਯੋਜਨਾ -10 ਅੰਕ, ਸਮੁੱਚਾ ਪ੍ਰਭਾਵ- 5 ਅੰਕ

**ਨੋਟ:** 1 ਚਿੱਤਰਕਾਰੀ ਲਈ ਲੋੜੀਂਦਾ ਜਿਵੇਂ ਡਰਾਇੰਗ ਬੋਰਡ, ਰੰਗ/ਪੇਂਟ ਬੁਰਸ਼ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

**ਨੋਟ**:- 2 ਡਰਾਇੰਗ ਲਈ ਸ਼ੀਟ ਕਲੱਸਟਰ/ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਅਧਿਕਾਰੀਆਂ ਦੁਆਰਾ ਉਪਲਬਧ ਕਰਵਾਈ ਜਾਵੇਗੀ।

**viii. ਗਣਿਤ ਵਿਸ਼ੇ ਦੇ ਮੁਕਾਬਲੇ**

**ਪਹਾੜਿਆਂ ਦਾ ਮੁਕਾਬਲਾ (ਜਮਾਤ ਅਨੁਸਾਰ)**

ਮੁਕਾਬਲਿਆਂ ਦੇ 2 ਰਾਊਂਡ ਹੋਣਗੇ:

ਪਹਿਲਾ ਰਾਊਂਡ -ਵੱਡੇ ਤੋਂ ਵੱਡਾ ਪਹਾੜਾ ਸੁਣਾਉਣਾ ਅਤੇ ਵਿੱਚੋਂ ਕੋਈ ਵੀ ਪਹਾੜਾ ਸੁਣਨਾ

ਦੂਸਰਾ ਰਾਊਂਡ- ਟੋਕਵਾਂ ਰਾਊਂਡ

**ਪਹਿਲਾ ਭਾਗ**

ਨਿਯਮ 1. ਪਹਾੜੇ ਮੂੰਹ ਜੁਬਾਨੀ ਸੁਣੇ ਜਾਣਗੇ।

ਨਿਯਮ 2. ਜੀਰੋ ਸੰਖਿਆ ਵਾਲਾ ਭਾਵ 10,20,30,40 ਆਦਿ ਦਾ ਪਹਾੜਾ ਨਹੀਂ ਸੁਣਿਆ ਜਾਵੇਗਾ।

ਨਿਯਮ 3. ਵਿਦਿਆਰਥੀ ਤੋਂ ਵੱਡੇ ਤੋਂ ਵੱਡਾ ਪਹਾੜਾ ਮੂੰਹ ਜੁਬਾਨੀ ਸੁਣਿਆ ਜਾਵੇਗਾ।

ਨਿਯਮ 4. ਪਹਿਲੇ ਰਾਊਂਡ ਵਿੱਚ ਜਿਹੜੀ ਸੰਖਿਆ ਦਾ ਉਸਨੇ ਸਭ ਤੋਂ ਵੱਡਾ ਪਹਾੜਾ ਸੁਣਾਇਆ ਹੈ, ਉਸ ਤੋਂ ਅੱਧੇ ਅੰਕ ਮਿਲਣਗੇ। ਜਿਵੇਂ ਕਿ 26 ਦੇ ਪਹਾੜੇ ਲਈ 13 ਅੰਕ, 44 ਦੇ ਪਹਾੜੇ ਲਈ 22 ਅੰਕ ਆਦਿ। ਪਰ ਉਸ ਦੇ ਸਹੀ ਮੁਲਾਂਕਣ ਲਈ ਉਸ ਤੋਂ ਕਿਤੋਂ ਵੀ ਇੱਕ ਹੋਰ ਪਹਾੜਾ ਸੁਣਿਆ ਜਾਵੇਗਾ।

ਨਿਯਮ 5. ਦੋਹਾਂ ਪਹਾੜਿਆ ਵਿੱਚ 3 ਗਲਤੀਆਂ ਹੋਣ ਤੱਕ 2 ਅੰਕ ਪ੍ਰਤੀ ਗਲਤੀ ਕੱਟੇ ਜਾਣਗੇ।

ਨਿਯਮ 6. ਤਿੰਨ ਤੋਂ ਵੱਧ ਗਲਤੀਆਂ ਹੋਣ 'ਤੇ ਪ੍ਰਤੀਯੋਗੀ ਨੂੰ ਮੁਕਾਬਲੇ ਤੋਂ ਬਾਹਰ ਸਮਝਿਆ ਜਾਵੇਗਾ।

ਨਿਯਮ 7. ਤਿੰਨ ਗਲਤੀਆਂ ਕਿਸੇ ਇੱਕ ਪਹਾੜੇ ਵਿੱਚੋਂ ਵੀ ਹੋ ਸਕਦੀਆਂ ਹਨ ਜਾਂ ਦੋਹਾਂ ਵਿੱਚ ਵੀ ਹੋ ਸਕਦੀਆਂ ਹਨ।

**ਦੂਜਾ ਭਾਗ**

ਨਿਯਮ 8. ਦੂਜਾ ਭਾਗ (ਟੋਕਵਾਂ ਰਾਊਂਡ) 10 ਅੰਕਾਂ ਦਾ ਰਾਊਂਡ ਹੋਵੇਗਾ। ਜਿਸ ਵਿੱਚ ਇੱਕ ਟੋਕਵਾ ਪਹਾੜਾ ਦੱਸਣ ਵਾਲੇ ਨੂੰ 2 ਅੰਕ, ਦੋ ਦੱਸਣ ਵਾਲੇ ਨੂੰ 4 ਅੰਕ, ਤਿੰਨ ਦੱਸਣ ਵਾਲੇ ਨੂੰ 6 ਅੰਕ, ਚਾਰ ਦੱਸਣ ਵਾਲੇ ਨੂੰ 8 ਅੰਕ ਅਤੇ ਪੰਜ ਟੋਕਵੇ ਪਹਾੜੇ ਦੱਸਣ ਵਾਲੇ ਨੂੰ 10 ਅੰਕ ਦਿੱਤੇ ਜਾਣਗੇ।

ਨਿਯਮ 9. ਟੋਕਵੇਂ ਪਹਾੜੇ ਵਿਦਿਆਰਥੀ ਦੁਆਰਾ ਸੁਣਾਏ ਗਏ ਸਭ ਤੋਂ ਵੱਡੇ ਪਹਾੜੇ ਤੋਂ ਹੇਠਾਂ ਵਾਲੇ ਕਿਸੇ ਵੀ ਪਹਾੜੇ ਵਿੱਚੋਂ ਸੁਣੇ ਜਾਣਗੇ।

ਨਿਯਮ 9. ਹਰੇਕ ਜਮਾਤ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਤਿੰਨ ਪ੍ਰਤੀਯੋਗੀਆਂ ਨੂੰ ਜੇਤੂ ਐਲਾਨਿਆਂ ਜਾਵੇਗਾ।

ਨਿਯਮ 10. ਹਰੇਕ ਜਮਾਤ ਦੇ ਮੁਕਾਬਲੇ ਲਈ ਨਿਰਣਾਇਕ ਬੋਰਡ ਵਿੱਚ ਦੋ ਤੋਂ ਤਿੰਨ ਮੈਂਬਰ ਸ਼ਾਮਿਲ ਹੋਣਗੇ ਜਿੰਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ।

**ਵਿਸ਼ੇਸ਼ ਨੋਟ:- ਇਹਨਾਂ ਮੁਕਾਬਲਿਆਂ ਦੌਰਾਨ ਇੱਕ ਵਿਦਿਆਰਥੀ ਵੱਧ ਤੋਂ ਵੱਧ ਕਿਸੇ ਦੋ ਮੁਕਾਬਲਿਆਂ ਵਿੱਚ ਹੀ ਭਾਗ ਲੈ ਸਕਦਾ ਹੈ।**